NW London know diabetes

**<u>ਇਨਸੁਲਿਨ ਦੀ ਜਾਣਕਾਰੀ-</u>**

ਇੱਥੇ ਤੁਸੀਂ ਵੱਖ-ਵੱਖ ਕਿਸਮਾਂ ਦੇ ਇਨਸੁਲਿਨ ਬਾਰੇ ਜਾਣਕਾਰੀ ਹਾਸਲ ਕਰੋਗੇ (ਇਹ ਗ੍ਰਾਫ ਟੀਕਾ ਲਗਾਉਣ ਤੋਂ ਬਾਅਦ ਘੰਟਿਆਂ ਮੁਤਾਬਕ ਇਨਸੁਲਿਨ ਦੀ ਕਾਰਵਾਈ ਦਿਖਾਉਂਦੇ ਹਨ)।

## ਤੇਜ਼ ਕੰਮ ਕਰਨ ਵਾਲਾ ਇਨਸੁਲਿਨ

### ਘੁਲਣਸ਼ੀਲ ਇਨਸੁਲਿਨ

ਐਕਟਰਾਪਿਡ
ਹੁਮੁਲਿਨ ਐਸ
ਹਾਈਪੁਰੀਨ ਪੋਰਸੀਨ ਨਿਉਟ੍ਰਲ
ਇਨਸੂਮਨ ਰੈਪਿਡ




ਇੱਕ ਵਾਰ ਟੀਕਾ ਲਗਾਉਣ ਦੇ ਬਾਅਦ ਇਹ ਖੂਨ ਦੇ ਪ੍ਰਵਾਹ ਵਿੱਚ ਸੋਖ ਲਿਆ ਜਾਂਦਾ ਹੈ ਅਤੇ 30 ਮਿੰਟ ਦੇ ਅੰਦਰ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, ਇੰਜੈਕਸ਼ਨ ਦੇ 2-4 ਘੰਟੇ ਬਾਅਦ ਪੂਰਾ ਵਧੀਆ ਕੰਮ ਕਰਦਾ ਹੈ ਅਤੇ ਇਸ ਦਾ ਅਸਰ 8 ਘੰਟੇ ਤੱਕ ਰਹਿੰਦਾ ਹੈ। ਆਮ ਤੌਰ 'ਤੇ ਮੁੱਖ ਭੋਜਨ ਤੋਂ 20-30 ਮਿੰਟ ਪਹਿਲਾਂ ਟੀਕਾ ਲਗਾਓ।

### ਤੇਜ਼ ਕੰਮ ਕਰਨ ਵਾਲਾ ਐਨਾਲਾਗ ਇਨਸੁਲਿਨ

ਹੁਮਾਲੌਗ
ਨੋਵੋਰੈਪੀਡ
ਅਪਿਡਰਾ




ਘੁਲਣਸ਼ੀਲ ਇਨਸੁਲਿਨ ਦੀ ਬਜਾਏ ਇਸਤੇਮਾਲ ਕੀਤੇ ਜਾਣ ‘ਤੇ, ਤੇਜ਼ ਕੰਮ ਕਰਨ ਵਾਲੇ ਐਨਾਲਾਗ ਇਨਸੁਲਿਨ ਦਾ ਆਦਰਸ਼ਕ ਤੌਰ 'ਤੇ ਭੋਜਨ ਤੋਂ 10-15 ਮਿੰਟਾਂ ਪਹਿਲਾਂ ਟੀਕਾ ਲਗਾਉਣਾ ਚਾਹੀਦਾ ਹੈ ਹਾਲਾਂਕਿ ਕੁੱਝ ਵਿਅਕਤੀ ਖਾਣਾ ਖਾਣ ਦੇ ਨਾਲ ਜਾਂ ਇਸਦੇ ਬਾਅਦ ਟੀਕਾ ਲਗਾਉਣਾ ਪਸੰਦ ਕਰਦੇ ਹਨ। ਇਹ 15 ਮਿੰਟ ਦੇ ਅੰਦਰ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, ਟੀਕਾ ਲਾਉਣ ਦੇ 50 ਤੋਂ 90 ਮਿੰਟਾਂ ਦੇ ਅੰਦਰ ਪੂਰਾ ਵਧੀਆ ਕੰਮ ਕਰਦਾ ਹੈ, ਅਤੇ ਇਨਸੁਲਿਨ ਦੀ ਖੁਰਾਕ ਦੇ ਆਧਾਰ ‘ਤੇ 2 ਤੋਂ 5 ਘੰਟਿਆਂ ਲਈ ਬਲੱਡ ਗਲੂਕੋਜ਼ ‘ਤੇ ਅਸਰ ਪਾਉਣਾ ਜਾਰੀ ਰੱਖ ਸਕਦਾ ਹੈ।

## ਬੈਕਗਰਾਉਂਡ ਇਨਸੁਲਿਨ

### ਆਈਸੋਫ਼ੇਨ ਇਨਸੁਲਿਨ

- ਇਨਸੂਲੇਟਾਰਡ
- ਹੁਮੂਲਿਨ ਆਈ
- ਹਾਈਪੁਰੀਨ ਪੋਰਸੀਨ ਆਈਸੋਫ਼ੇਨ
- ਇੰਸੂਮਨ ਬੈਸਲ




ਆਈਸੋਫੇਨ ਇਨਸੁਲਿਨ ਦਿਖਣ ਵਿੱਚ ਬੱਦਲ ਵਰਗਾ ਹੁੰਦਾ ਹੈ, ਇਸ ਲਈ ਇੰਜੈਕਸ਼ਨ ਤੋਂ ਪਹਿਲਾਂ ਇਸਨੂੰ ਮਿਲਾਉਣ ਦੀ ਲੋੜ ਹੁੰਦੀ ਹੈ। ਜ਼ਿਆਦਾਤਰ ਇਹ ਇਨਸੁਲਿਨ ਸਵੇਰੇ ਦੋ ਵਾਰ ਅਤੇ ਦੁਬਾਰਾ ਫਿਰ ਸੌਣ ਵੇਲੇ ਲਿਆ ਜਾਂਦਾ ਹੈ। ਪਰ ਇਹ ਰੋਜ਼ਾਨਾ ਇੱਕ ਵਾਰ ਵੀ ਲਿਆ ਜਾ ਸਕਦਾ ਹੈ। ਉਹ ਇੰਜੈਕਸ਼ਨ ਤੋਂ 2 ਘੰਟੇ ਬਾਅਦ ਕੰਮ ਕਰਨਾ ਸ਼ੁਰੂ ਕਰਦੇ ਹਨ, 4-6 ਘੰਟਿਆਂ ਵਿੱਚ ਵਧੀਆ ਕੰਮ ਕਰਦੇ ਹਨ ਅਤੇ ਇਹਨਾਂ ਦਾ ਅਸਰ 8-14 ਘੰਟਿਆਂ ਤੱਕ ਰਹਿੰਦਾ ਹੈ।

### ਲੰਮੇ ਸਮੇਂ ਤੱਕ ਕੰਮ ਕਰਨ ਵਾਲੇ ਐਨਾਲੌਗ

- ਲੈਵੇਮੀਰ (ਰੋਜ਼ਾਨਾ ਇੱਕ ਜਾਂ ਦੋ ਵਾਰ ਲਿਆ ਜਾ ਸਕਦਾ ਹੈ)




- ਲੈਂਟਸ (ਆਮ ਤੌਰ 'ਤੇ ਰੋਜ਼ਾਨਾ ਇੱਕ ਵਾਰ ਲਿਆ ਜਾਂਦਾ ਹੈ ਪਰ ਕਈ ਵਾਰੀ ਦੋ ਵਾਰ ਰੋਜ਼ਾਨਾ ਲਿਆ ਜਾਂਦਾ ਹੈ)




ਲੰਮੇ ਸਮੇਂ ਤੱਕ ਕੰਮ ਕਰਨ ਵਾਲੇ ਐਨਾਲੌਗ ਦਾ ਰੰਗ ਸਾਫ਼ ਹੁੰਦਾ ਹੈ, ਆਈਸੋਫ਼ੇਨ ਦੀ ਥਾਂ ਵਰਤਿਆ ਜਾ ਸਕਦਾ ਹੈ ਅਤੇ ਲੰਬੇ ਸਮੇਂ ਤੱਕ ਕੰਮ ਕਰਦਾ ਹੈ, ਇੰਜੈਕਸ਼ਨ ਦੇ ਬਾਅਦ 2 ਘੰਟੇ ਤੱਕ ਕੰਮ ਕਰਦਾ ਹੈ ਅਤੇ ਇਸਦਾ ਅਸਰ 18-24 ਘੰਟੇ ਤੱਕ ਰਹਿੰਦਾ ਹੈ।

## ਮਿਸ਼ਰਤ ਇਨਸੁਲਿਨ

ਵੱਖ-ਵੱਖ ਯੋਗਤਾਵਾਂ ਵਿੱਚ ਤੇਜ਼ ਕੰਮ ਕਰਨ ਵਾਲੇ ਇਨਸੁਲਿਨ ਅਤੇ ਲੰਮੇ ਸਮੇਂ ਤੱਕ ਕੰਮ ਕਰਨ ਵਾਲੇ ਇਨਸੁਲਿਨ ਦਾ ਮਿਸ਼ਰਨ।

### ਮਿਸ਼ਰਤ ਮਨੁੱਖੀ ਇਨਸੁਲਿਨ

- ਹੁਮੂਲਿਨ M3
- ਇੰਸੂਮਨ ਕੌਮਬ 15
- ਇੰਸੂਮਨ ਕੌਮਬ 25
- ਇੰਸੂਮਨ ਕੌਮਬ 50

ਆਮ ਤੌਰ 'ਤੇ ਰੋਜ਼ਾਨਾ ਦੋ ਵਾਰ ਲਿਆ ਜਾਂਦਾ ਹੈ ਨਾਸ਼ਤੇ ਅਤੇ ਸ਼ਾਮ ਦੇ ਖਾਣੇ ਤੋਂ ਲਗਪਗ 30 ਮਿੰਟ ਪਹਿਲਾਂ ਇੰਜੈਕਸ਼ਨ ਦਿੱਤਾ ਜਾਂਦਾ ਹੈ।

### ਮਿਸ਼ਰਤ ਐਨਾਲੌਗ

- ਨੋਵੋਮਿਕਸ 30
- ਹੁਮਾਲੋਗ ਮਿਕਸ 50 (ਇਸ ਵਿਚ 3 x ਰੋਜ਼ਾਨਾ ਨਾਸ਼ਤਾ,

ਦੁਪਹਿਰ, ਸ਼ਾਮ ਦੇ ਭੋਜਨ ਨਾਲ ਵੀ ਲਿਆ ਜਾ ਸਕਦਾ ਹੈ ਜੇਕਰ ਇਸ ਦੀ ਤੁਹਾਡੀ ਡਾਇਬੀਟੀਜ਼ ਟੀਮ ਦੁਆਰਾ ਸਿਫਾਰਸ਼ ਕੀਤੀ ਜਾਂਦੀ ਹੈ)

• ਹੁਮਾਲੋਗ ਮਿਸ਼ਰਣ 25

ਐਨਾਲੌਗ ਮਿਕਸ ਵਿੱਚ ਤੇਜ਼ ਕਿਰਿਆ ਹੁੰਦੀ ਹੈ; ਉਹ ਆਮ ਤੌਰ 'ਤੇ ਦੋ ਵਾਰ ਰੋਜ਼ਾਨਾ ਦਿੱਤੇ ਜਾਂਦੇ ਹਨ ਅਤੇ ਖਾਣੇ ਤੋਂ 5-15 ਮਿੰਟ ਪਹਿਲਾਂ ਟੀਕਾ ਲਗਾਇਆ ਜਾਂਦਾ ਹੈ ਹਾਲਾਂਕਿ ਕੁੱਝ ਵਿਅਕਤੀ ਭੋਜਨ ਦੇ ਨਾਲ ਜਾਂ ਬਾਅਦ ਵਿੱਚ ਟੀਕਾ ਲਗਾਉਣਾ ਪਸੰਦ ਕਰਦੇ ਹਨ।



| ਟਨਸੁਲਿਨ | ਸ਼ੁਰੂਆਤ | ਅੰਤ | ਮਿਆਦ |
|---|---|---|---|
| ਫ਼ਏਸਪ (ਨੋਵੋਰੈਪਿਡ)-ਇਨਸੁਲਿਨ ਐਸਪਾਰਟ ਦਾ ਤੇਜ਼ ੍ਰਤਰ | **4 ਮਿੰਟ** | **1 - 3 ਘੰਟੇ** | **3 - 5 ਘੰਟੇ** |
| ੀਵੋਰੈਪਿਡ, ਹੁਮਾਲੋਗ ਐਪੀਡਰਾ 100 ਯੂਨਿਟ/ਮਿੰਟ | 5 - 15 ਮਿੰਟ | 50 - 90 ਮਿੰਟ | 2 - 5 ਘੰਟੇ |
| ੈਕਟਰੈਪਿਡ, ਹੂਮੂਲੀਨ ਐਸ, ਹਾਇਪੂਰੀਨ ਨਿਉਟ੍ਰਲ | 30 ਮਿੰਟ | 2 - 4 ਘੰਟੇ | 8 ਘੰਟੇ ਤੱਕ |
| ੰਸੁਲਟਾਰਡ, ਹੂਮੂਲਿਨ ਆਈ, ਹਾਇਪੁਰੀਨ ਐਈਸੋਫ਼ੇਨ 100 ਯੂਨਿਟ/ਮਿ.ਲੀ. | 2 ਘੰਟੇ | 4 - 6 ਘੰਟੇ | 8 - 14 ਘੰਟੇ |
| ੀਵੇਮੀਰ 100 ਯੂਨਿਟ/ਮਿਲੀ (ਇਨਸੁਲਿਨ ਡੀਟੇਮੀਰ) | 2 ਘੰਟੇ | ਕੋਈ ਵੱਖਰਾ ਅੰਤ ਨਹੀਂ | 18 ਘੰਟੇ ਤੱਕ |
| ੰਟਸ 100 ਯੂਨਿਟ/ਮਿਲੀ (ਇਨਸੁਲਿਨ ਗਲਾਰਜਿਨ) | 2 ਘੰਟੇ | ਕੋਈ ਵੱਖਰਾ ਅੰਤ ਨਹੀਂ | 18 ਤੋਂ 24 ਘੰਟੇ ਤੱਕ |
| ੈਬਸਾਗਲਾਰ 100 ਯੂਨਿਟ/ਮਿਲੀ | 2 ਘੰਟੇ | ਕੋਈ ਵੱਖਰਾ ਅੰਤ ਨਹੀਂ | 18 ਤੋਂ 24 ਘੰਟੇ ਤੱਕ |
| ੁਜੇਇਓ (ਇਨਸੁਲਿਨ ਗਲਾਗੀਨ 300 ਯੂਨਿਟ/ਮਿਲੀ) | 6 ਘੰਟੇ | ਕੋਈ ਵੱਖਰਾ ਅੰਤ ਨਹੀਂ | 24 ਘੰਟੇ ਤੋਂ ਵੱਧ |
| ਟ੍ਰੇਸਿਬਾ (ਇਨਸੁਲਿਨ ਡੀਗਲੂਡੈਕ) 2 ਮਿਸ਼੍ਰਣਾਂ ਵਿੱਚ ਉਪਲਬਧ: 200 ਯੂਨਿਟ/ਮਿਲੀ ਅਤੇ 100 ਯੂਨਿਟ/ਮਿਲੀ | 30-90 ਮਿੰਟ | ਕੋਈ ਵੱਖਰਾ ਅੰਤ ਨਹੀਂ | 42 ਘੰਟੇ |
| ੁਲਟੋਫੀ = ਬੇਸੱਲ ਇਨਸੁਲਿਨ ਅਤੇ GLP1 ਇਨਸੁਲਿਨ ਡੇਗਲੂਡੈਕ/ਲੀਰਾਗਲੂਟਾਈਡ) | 30-90 ਮਿੰਟ | ਕੋਈ ਵੱਖਰਾ ਅੰਤ ਨਹੀਂ | 42 ਘੰਟੇ |

ਇਨਸੁਲਿਨ ਅਤੇ ਇਨਸੁਲਿਨ ਪੈਨ ਬਾਰੇ ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਲਿੰਕ 'ਤੇ ਜਾਓ,

https://shop.diabetes.org.uk/usr/downloads/UpdateMedsKit17_shop2.pdf